ਸਤੰਬਰ-ਦਸੰਬਰ 2023

ਜਿਲਦ-1

ਅੰਕ-2

ISSN 2584-0509

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

# ਖੋਜਨਾਮਾ

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

## ਅਨਿਲ ਆਦਮ (1974-2022)



ਅਨਿਲ ਆਦਮ
ਮਰਹੂਮ ਪੰਜਾਬੀ ਕਵੀ

ਅਨਿਲ ਆਦਮ .....ਨਵੀਂ ਪੰਜਾਬੀ ਕਵਿਤਾ ਦਾ ਗੌਲਣਯੋਗ ਹਸਤਾਖਰ ਨਹੀਂ ਰਿਹਾ । ਇਹ ਸੋਚਦਿਆਂ ਲਿਖਦਿਆਂ ਅੰਦਰ ਕੁਝ ਕੜੱਕ ਕਰਕੇ ਟੁੱਟਦਾ ਹੈ ।

ਜਿਸਨੇ ਕਦੇ ਆਪਣੀ ਬਾਤ ਨੂੰ "ਏਨੀ ਮੇਰੀ ਬਾਤ" ਕਿਹਾ ਸੀ ਪਰ ਉਹ ਏਨੀ ਨਾ ਰਹੀ । ਬਾਤ ਚੋਂ ਬਾਤ ਨਿਕਲਦੀ ਗਈ ਅਤੇ ਪੰਜਾਬੀ ਕਵਿਤਾ ਨੂੰ ਪਿਆਰ ਕਰਨ ਵਾਲੇ ਹਰ ਸਖ਼ਸ਼ ਨੂੰ ਆਪਣੀ ਬਾਤ ਲੱਗਣ ਲੱਗ ਪਈ । ਉਸਨੇ "ਏਨੀ" ਬਾਤ ਪਾਈ। ਲੋਕਾਂ ਨੇ ਉਸਨੂੰ "ਐਨੀ" ਸਮਝ ਕੇ ਹੁੰਗਾਰਾ ਦਿੱਤਾ। ਅਨਿਲ ਆਦਮ ਕਵਿਤਾ ਲਿਖਦਾ ਨਹੀਂ ਹੰਢਾਉਂਦਾ ਹੈ, ਜਿਉਂਦਾ ਹੈ। "ਏਨੀ ਮੇਰੀ ਬਾਤ " 1993 ਵਿੱਚ ਛਪੀ ਸੀ ਫਿਰ "ਕਵਿਤਾ ਬਾਹਰ ਉਦਾਸ ਖੜ੍ਹੀ ਹੈ" 2014 ਵਿੱਚ ।

ਅਨਿਲ ਆਦਮ ਦਾ ਜਨਮ 06 ਜੁਲਾਈ 1974 ਨੂੰ ਬਟਾਲੇ ਵਿੱਚ ਸ੍ਰੀ ਇੰਦਰਜੀਤ ਪ੍ਰਭਾਕਰ ਅਤੇ ਸ਼ੁੱਭ ਰਾਣੀ ਦੇ ਘਰ ਹੋਇਆ ।

ਅਨਿਲ ਆਦਮ ਨੇ ਕਵਿਤਾ ਲਿਖੀ, ਸੰਪਾਦਨਾ ਕੀਤੀ, ਅਨੁਵਾਦ ਕੀਤਾ, ਬਾਲ ਸਾਹਿਤ ਲਿਖਿਆ। ਉਸਤਾਦ ਕਵੀ ਸ੍ਰੀ ਦੀਪਕ ਜੈਤੋਈ ਦੇ ਭਰਾ ਗੁਰਬਚਨ ਸਿੰਘ ਪਤੰਗਾ ਦੀ ਸ਼ਾਇਰੀ "ਸ਼ਹੀਦ ਦੇ ਬੋਲ" ਸੰਪਾਦਤ ਕੀਤੀ ਫਿਰ ਪੰਜਾਬੀ ਕਵੀ ਸੱਤਪਾਲ ਭੀਖੀ ਨਾਲ ਰਲ ਕੇ ਧਰਤੀ ਤੋਂ ਮੁੱਕਦੇ ਜਾਂਦੇ ਪਾਣੀ ਦੇ ਮਸਲੇ ਨੂੰ ਸੰਬੋਧਨ ਕਰਦਿਆਂ ਕਵਿਤਾ ਦੀ ਕਿਤਾਬ "ਮਾਫ਼ ਕਰੀਂ ਪਾਣੀ ਪਿਤਾ" ਵੀ ਸੰਪਾਦਿਤ ਕੀਤੀ।

ਸਵਰਗੀ ਕਵੀ ਦੇਵਨੀਤ ਦੀ ਚੋਣਵੀਂ ਕਵਿਤਾ "ਦੇਵਨੀਤ ਕੇ ਮਰਨੇ ਕੀ ਅਫ਼ਵਾਹ ਕੇ ਬਾਦ " ਅਤੇ ਨਾਮਵਰ ਸ਼ਾਇਰਾ ਨੀਤੂ ਅਰੋੜਾ ਦੀ ਕਵਿਤਾ "ਖਾਲੀ ਹਾਥੋਂ ਮੇਂ ਕਵਿਤਾ" ਅਨੁਵਾਦ ਕੀਤੀਆਂ। ਹੋਰ ਕਈ ਅਨੁਵਾਦਿਤ ਕਿਤਾਬਾਂ ਛਪਣ ਦੀ ਉਡੀਕ ਵਿੱਚ ਹਨ। ਅਜੇ ਤਾਂ ਉਸਦੀਆਂ ਨਜ਼ਮਾਂ ਨੇ ਛਾਪੇ ਚੜ੍ਹਨਾ ਸੀ। ਉਹਦੀਆਂ ਹਿੰਦੀ ਕਵਿਤਾਵਾਂ ਨੇ ਭਰਵੇਂ ਰੂਪ ਵਿੱਚ ਪਾਠਕਾਂ ਸਾਹਵੇਂ ਆਉਣਾ ਹੈ।

ਅਨਿਲ ਆਦਮ ਨੇ ਇੱਕ ਸੁਚੇਤ ਅਧਿਆਪਕ ਵਜੋਂ ਆਪਣੀ ਜ਼ਿੰਮੇਵਾਰੀ ਸਮਝਦਿਆਂ ਬੱਚਿਆਂ ਨੂੰ ਸਾਹਿਤ ਨਾਲ ਜੋੜਨ ਦੇ ਯਤਨਾਂ ਵਜੋਂ ਬੱਚਿਆਂ ਦੀ ਮਾਨਸਿਕਤਾ ਨੂੰ ਸਮਝ ਕੇ ਉਹਨਾਂ ਲਈ ਕਈ ਮਹੱਤਵਪੂਰਨ ਕਿਤਾਬਾਂ

ਮੈਡਮ ਜੀ ਨਮਸਤੇ, ਆਟਾ ਬਾਟਾ ਅਤੇ ਬੁੱਢੀ ਮਾਂ ਦੇ ਵਾਲ (ਕਵਿਤਾਵਾਂ) ਰੰਗਾਂ ਦਾ ਮੀਂਹ (ਬਾਲ ਕਹਾਣੀਆਂ) ਅਤੇ ਗੁੱਡੀ (ਬਾਲ ਨਾਟਕ) ਲਿਖੀਆਂ ਹਨ। ਉਸਦੀਆਂ ਕਵਿਤਾਵਾਂ ਮੈਡਮ ਜੀ ਨਮਸਤੇ ਅਤੇ ਠੱਕ ਠੱਕ ਕਰਦਾ ਚੌਕੀਦਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪ੍ਰਾਇਮਰੀ ਦੇ ਸਿਲੇਬਸ ਦਾ ਹਿੱਸਾ ਵੀ ਰਹੀਆਂ ਹਨ।

ਪੰਦਰਾਂ ਦਸੰਬਰ 2022 ਨੂੰ ਉਹ ਮੌਤ ਨਾਲ ਲੜਾਈ ਵਿੱਚ ਹਾਰ ਗਿਆ। ਪਰ ਉਹਦੇ ਸ਼ਬਦ

ਫ਼ਿਜ਼ਾ ਵਿੱਚ ਫੈਲ ਗਏ। 16 ਦਸੰਬਰ ਨੂੰ ਪੰਜਾਬ ਦੇ ਸਭ ਸਕੂਲਾਂ ਵਿੱਚ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਵੱਲੋਂ ਉਸਦੀ ਬਾਲ ਕਵਿਤਾ "ਮੈਡਮ ਜੀ ਨਮਸਤੇ" ਦੀ ਪੇਸ਼ਕਾਰੀ ਕਰਕੇ ਉਸਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਫ਼ਿਰੋਜ਼ਪੁਰ ਹੀ ਨਹੀਂ ਜਿੱਥੇ ਜਿੱਥੇ ਪੰਜਾਬੀ ਕਵਿਤਾ ਨੂੰ ਪਿਆਰ ਕਰਨ ਵਾਲੇ ਲੋਕ ਬੈਠੇ ਹਨ , ਉਸਦੀ ਮੌਤ ਦਾ ਸੋਗ ਮਨਾਇਆ ਜਾ ਰਿਹਾ ਹੈ। ਇਹ ਉਸਦੇ ਸ਼ਬਦਾਂ ਦੀ ਤਾਕਤ ਹੈ।

ਪਰ ਇੱਕ ਗੱਲ ਸਾਰੇ ਕਹਿ ਰਹੇ ਨੇ
"ਤੂੰ ਚੰਗੀ ਨਹੀਂ ਕੀਤੀ,
ਅਨਿਲ ਸੱਚਮੁੱਚ ਤੂੰ ਚੰਗੀ ਨਹੀਂ ਕੀਤੀ।

ਲੇਖਕ:-**ਹਰਮੀਤ ਵਿਦਿਆਰਥੀ**

## ਅਨਿਲ ਆਦਮ ਦੀਆਂ ਤਿੰਨ ਨਜ਼ਮਾਂ

**1**

### ਮੁਹੱਬਤ

ਮੁਹੱਬਤ
ਜੁਰਾਬਾਂ ਦਾ ਜੋੜਾ ਨਹੀਂ ਹੈ
ਨਾ ਜੁੱਤੀਆਂ ਦਾ
ਨਾ ਜਿਸਮਾਂ ਦਾ

ਇਹ ਤਾਂ
ਅੱਧੀ ਰਾਤ ਨੂੰ
ਖ਼ੂਹ ਵਿੱਚ ਡਿੱਗੀ
ਇੱਟ ਦੀ ਆਵਾਜ਼ ਹੈ

ਕੌਣ ਦੱਸ ਸਕਦਾ ਹੈ ਭਲਾ
ਇਹ ਆਵਾਜ਼
ਇੱਟ ਦੀ ਸੀ
ਜਾਂ ਖ਼ੂਹ ਦੀ

ਕੀ ਪਤਾ ਤੂੰ ਕੌਣ ਸੀ
ਕੀ ਪਤਾ
ਮੈਂ ਕੌਣ ਸਾਂ।

## 2

## ਕਾਮਰੇਡ ਕੁੜੀ ਨੂੰ ਪਿਆਰ ਕਰਦਿਆਂ

ਉਸ ਦੀ ਅੱਖ ਝੀਲ ਨਹੀਂ ਸੀ
ਟਿਕਾਅ ਤਾਂ
ਇੱਕ ਪਲ ਦਾ ਵੀ ਨਹੀਂ ਸੀ
ਉੱਥੇ ਕਿਸੇ ਕੰਵਲ ਨੇ ਕਿੱਥੋਂ ਉੱਗਣਾ ਸੀ
ਇੱਕ ਸਾਗਰ ਸੀ ਦੂਰ ਤੱਕ ਫੈਲਿਆ ਹੋਇਆ
ਜੋ ਨਿੱਕੀਆਂ ਨਿੱਕੀਆਂ ਕਿਸ਼ਤੀਆਂ ਦੇ
ਡੁੱਬ ਜਾਣ ਦੇ ਫ਼ਿਕਰ 'ਚ ਡੁੱਬ ਕੇ ਰੋਜ਼ ਮਰਦਾ ਸੀ
ਕਾਮਰੇਡ ਕੁੜੀ ਦੀ ਅੱਖ ਉਦਾਸ ਨਹੀਂ ਸੀ
ਫਿਕਰਮੰਦ ਸੀ

ਉਹ ਪਿਆਰ ਕਰਨਾ ਚਾਹੁੰਦੀ ਸੀ
ਪਰ ਏਨਾ ਕੁ
ਥੋੜ੍ਹਾ ਜਿਹਾ ਕੁ ਨਹੀਂ
ਜਿਸ ਨੂੰ ਸੰਸਕਾਰਾਂ ਦੀ ਭਾਸ਼ਾ 'ਚ
ਚੁਟਕੀ ਭਰ ਸੰਧੂਰ ਕਹੀਦਾ ਹੈ ...
ਜਿਸ ਨਾਲ ਮਸਾਂ ਵਾਲਾਂ ਦਾ ਇੱਕ ਚੀਰ ਭਰੀਦਾ ਹੈ
ਉਸਨੇ ਤਾਂ ਘੱਟ ਤੋਂ ਘੱਟ ਵੀ ਜਦੋਂ ਚਾਹਿਆ
ਤਾਂ ਇਹੋ ਚਾਹਿਆ
ਕਿ ਧਰਤੀ ਸਾਰੀ ਦੀ ਸਾਰੀ ਰੰਗਲੀ ਹੋਵੇ

ਘਰ ਬਾਰ ਨਿੱਕ ਸੁੱਕ
ਖੇਸ ਦਰੀਆਂ
ਤੇ ਹੋਰਾਂ ਵਾਂਗ ਦੋ ਤਿੰਨ ਹੋਰ
ਲੋੜਾਂ ਉਸਦੀਆਂ ਵੀ ਸਨ

ਪਰ ਉਸਦਾ ਇਸ ਪਾਸੇ ਧਿਆਨ ਹੀ ਨਹੀਂ ਗਿਆ ਕਦੀ
ਕਾਮਰੇਡ ਕੁੜੀ ਕਿਸੇ ਦੀ ਮਹਿਬੂਬਾ ਬਣਨ ਤੋਂ ਪਹਿਲਾ ਹੀ
ਦੁਨੀਆਂ ਦੇ ਸਾਰੇ ਲਿੱਬੜੇ-ਲਤਾੜਿਆਂ ਦੀ ਮਾਂ ਬਣ ਗਈ ਸੀ

ਇੱਕ ਕਾਮਰੇਡ ਕੁੜੀ ਨੂੰ
ਕਈ ਸਾਲ ਚੁਪ-ਚਾਪ ਪਿਆਰ ਕਰਦਿਆਂ
ਅਖੀਰ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ
ਕਿ ਕਾਮਰੇਡ ਕੁੜੀ ਨੂੰ ਪਿਆਰ ਕਰਨ ਲਈ
ਧਰਤੀ ਜਿੱਡਾ ਦਿਲ
ਤੇ ਅਸਮਾਨ ਜਿੱਡਾ ਵੱਡਾ ਜਿਗਰਾ ਚਾਹੀਦਾ ਹੈ...

**3**

## ਦਾਤਾ ਸਭ ਦਾ ਭਲਾ ਕਰੇ

ਮੈਂ ਦੀਨਾ ਨਾਥ
ਵਲਦ ਬਸ਼ੇਸ਼ਰ ਨਾਥ
ਕਰਿਸ਼ਚਨ ਮਿਸ਼ਨ ਹਸਪਤਾਲ ਚ
ਦਿਲ ਵਾਲੇ ਵਾਰਡ ਚ
ਬੈਡ ਨੰਬਰ ਗਿਆਰਾਂ ਤੇ
ਛੇ ਦਿਨ ਤੋਂ ਪਿਆ ਹਾਂ

ਬੜਾ ਵੱਡਾ ਅਟੈਕ ਸੀ
ਲੈ ਹੀ ਚੱਲਿਆ ਸੀ

ਆਹ ਤਾਂ ਰਾਮ ਭਲਾ ਕਰੇ
ਡਾਕਟਰ ਜਵੇਦ ਅਸਲਮ ਦਾ
ਜਿਹੜਾ ਮੌਤ ਦੇ ਮੂੰਹ ਚੋਂ ਖੋਹ ਕੇ ਲੈ ਆਇਆ...

ਮੇਰੇ ਵੀਰ ਨਿੱਕੇ...
ਨਾਂ ਤਾਂ ਸੁੱਖ ਨਾਲ ਮਨਜੀਤ ਏ ਉਸ ਦਾ
ਪਰ ਸਾਰੇ ਕਾਮਰੇਡ ਕਾਮਰੇਡ ਈ ਆਂਹਦੇ ਆਂ
ਉਸ ਵਚਾਰੇ ਨੇ ਵੀ ਵੀਹ ਪਗਾ ਦਿੱਤੀ
ਨਾ ਦਿਨ ਵੇਖਿਆ ਨਾ ਰਾਤ

ਤਿੱਖੜ ਦੁਪਿਹਰੇ
ਸਾਰਾ ਸਾਰਾ ਦਿਨ ਦੌੜ ਭੱਜ...

ਸਾਹਮਣੇ ਲੱਗੀ
ਨਾਨਕ ਨਾਮ ਲੇਵਾ ਛਬੀਲ ਤੋਂ
ਪਾਣੀ ਪੀ ਪੀ ਕੇ ਈ
ਕਈ ਵਾਰ ਤਾਂ ਸੁਣਿਆ
ਵਚਾਰਾ ਸਾਰਾ ਸਾਰਾ ਦਿਨ ਲੰਘਾ ਛੱਡਦੈ..
ਦਾਤਾ ਸਭ ਦਾ ਭਲਾ ਕਰੇ ।